# Punjabi 12

June 1999 Provincial Examination

## ANSWER KEY / SCORING GUIDE

---

**Topics:**
1. Language Elements
2. Fiction (Prose)
3. Fiction (Poetry or Drama)
4. Non-Fiction (Journalistic Prose)
5. Non-Fiction (Authentic Document)
6. Story Completion or Dialogue Completion
7. Letter, Note or Postcard
8. Map Directions

**Multiple Choice**

| Q | K | C | T | Q | K | C | T |
|---|---|---|---|---|---|---|---|
| 1. | C | K | 1 | 16. | D | K | 3 |
| 2. | D | K | 1 | 17. | C | K | 3 |
| 3. | C | K | 1 | 18. | C | U | 3 |
| 4. | A | U | 1 | 19. | A | K | 3 |
| 5. | A | K | 1 | 20. | B | U | 3 |
| 6. | D | U | 1 | 21. | D | K | 4 |
| 7. | C | K | 1 | 22. | C | K | 4 |
| 8. | B | K | 1 | 23. | C | K | 4 |
| 9. | A | U | 1 | 24. | C | U | 4 |
| 10. | B | U | 1 | 25. | B | K | 4 |
| 11. | B | K | 2 | 26. | C | U | 5 |
| 12. | B | U | 2 | 27. | A | K | 5 |
| 13. | B | K | 2 | 28. | A | K | 5 |
| 14. | D | U | 2 | 29. | A | U | 5 |
| 15. | A | U | 2 | 30. | B | K | 5 |

**Multiple Choice = 30 marks**

## Written Response

| Q | B | C | T | S |
|---|---|---|---|---|
| 1. | 1 | U | 1 | 10 |
| 2. | 2 | U | 2 | 1 |
| 3. | 3 | U | 2 | 2 |
| 4. | 4 | U | 2 | 2 |
| 5. | 5 | K | 3 | 2 |
| 6. | 6 | K | 3 | 1 |
| 7. | 7 | K | 3 | 2 |
| 8. | 8 | U | 4 | 2 |
| 9. | 9 | K | 4 | 2 |
| 10. | 10 | K | 4 | 1 |
| 11. | 11 | K | 5 | 1 |
| 12. | 12 | U | 5 | 1 |
| 13. | 13 | U | 5 | 2 |
| 14. | 14 | K | 5 | 1 |
| 15. | 15 | H | 6 | 10 |
| 16. | 16 | H | 7 | 10 |
| 17. | 17 | H | 8 | 10 |

**Written Response = 60 marks**

Multiple Choice = 30
Written Response = 60
**EXAMINATION TOTAL = 90 marks**

**LEGEND:**

| | | |
|---|---|---|
| **Q** = Question Number | **K** = Keyed Response | **C** = Cognitive Level |
| **B** = Score Box Number | **S** = Score | **T** = Topic |

## SECTION 2: LANGUAGE ELEMENTS B

**Value: 10 marks** **Suggested Time: 10 minutes**

| | |
|---|---|
| **INSTRUCTIONS:** | Read the following passage carefully. Fill in each of the blanks with an appropriate word or phrase in **Punjabi** that is consistent with the context of the passage. In order to provide you with freedom of expression, most blanks have at least two correct responses. |

### **ਬਸੰਤ ਪੰਚਮੀ** (Spring Festival)

ਬਸੰਤ ਪੰਚਮੀ ਮਾਘ ਦੀ ਮੱਸਿਆ ਤੋਂ ਪੰਜਵੇ ਦਿਨ ਹੁੰਦੀ ਹੈ । ਇਸ ਦਿਨ ਤੋਂ ਬਸੰਤ ਰੁੱਤ ਦੀ ਸ਼ੁਰੂਆਤ ਹੁੰਦੀ ਹੈ । ਇਸ ਰੁੱਤ ਵਿਚ ਕਣਕਾਂ ਦੇ ਸਿੱਟੇ ਨਿਕਲਣ ਲਗਦੇ ਹਨ । ਸਰ੍ਹੋਂ ਦੇ ਖੇਤਾਂ ਦੇ ਖੇਤ ________ (1a) ਫੁੱਲਾਂ ਨਾਲ ਭਰੇ ਹੋਏ ਹੁੰਦੇ ਹਨ । ਇੰਜ ਜਾਪਦਾ ਹੈ ਜਿਵੇਂ ਪੀਲੇ ਰੰਗ ਦੇ ________ (1b) ਜਗ੍ਹਾ ਜਗ੍ਹਾ ਤੇ ਵਿਛੇ ਹੋਏ ਹਨ । ਕਈ ਤਰ੍ਹਾਂ ਦੇ ਪੀਲੇ ਰੰਗ ਦੇ ਫੁੱਲਾਂ ਤੇ ________ (1c) ਛਾਈ ਹੁੰਦੀ ਹੈ । ਬਸੰਤ ਦੀ ਰੁੱਤ ਬੱਚਿਆਂ ਲਈ ________ (1d) ਉਡਾਉਣ ਦੀ ਹੁੰਦੀ ਹੈ। ਨੀਲੇ ________ (1e) ਵਿੱਚ ਪਤੰਗਾਂ ਹੀ ਪਤੰਗਾਂ ਦਿਖਾਈ ਦਿੰਦੀਆਂ ਹਨ । ਪਹਿਲੇ ਪਤੰਗਾਂ ਵੀ ਪੀਲੇ ਰੰਗ ਦੀਆਂ ________ (1f) ਸਨ । ਅੱਜ ਕਲ ਕਈ ________ (1g) ਦੀਆਂ ਪਤੰਗਾਂ ਉੱਡਦੀਆਂ ਦੇਖੀਆਂ ਜਾਂਦੀਆਂ ਹਨ । ਉੱਡਦੀਆਂ ਪਤੰਗਾਂ ਦੇ ________ (1h) ਲਾਏ ਜਾਂਦੇ ਹਨ ਅਤੇ ਪਤੰਗਾਂ ਦੀਆਂ ਡੋਰਾਂ ਕੱਟੀਆਂ ਜਾਂਦੀਆਂ ਹਨ । ਕੱਟੀਆਂ ਪਤੰਗਾਂ ਨੂੰ ________ (1i) ਲਈ ਬੱਚੇ ਤੇ ਨੌਜਵਾਨ ਦੌੜਦੇ ਹਨ । ਜਿਸ ਦੇ ________ (1j) ਪਤੰਗ ਦੀ ਡੋਰ ਆ ਜਾਵੇ, ਪਤੰਗ ਉਸਦੀ ਹੋ ਜਾਂਦੀ ਹੈ। ਇਹ ਬਸੰਤ ਦੇ ਤਿਉਹਾਰ ਦੀ ਵੱਡੀ ਰੌਣਕ ਹੁੰਦੀ ਹੈ ।

**Possible responses:**

a) ਪੀਲੇ
ਬਸੰਤੀ

b) ਰੰਗ
ਕਾਲੀਨ
ਗਲੀਚੇ

c) ਖੁਸ਼ੀ
ਬਹਾਰ
ਜਵਾਨੀ
ਸੁੰਦਰਤਾ
ਖੁਸ਼ਹਾਲੀ

d) ਗੁੱਡੇ
ਪਤੰਗ
ਪਤੰਗਾਂ
ਗੁੱਡੀਆਂ

e) ਗਗਨ
ਆਕਾਸ਼
ਅਸਮਾਨ

f) ਹੁੰਦੀਆਂ
ਬਣਦੀਆਂ
ਉੱਡਦੀਆਂ
ਚੜ੍ਹਦੀਆਂ

g) ਰੰਗਾਂ
ਤਰ੍ਹਾਂ
ਨਾਪ
ਪ੍ਰਕਾਰ
ਕਿਸਮ

h) ਪੇਚੇ
ਕਾਂਟੇ
ਮੁਕਾਬਲੇ

i) ਫੜਨ
ਲੁੱਟਣ
ਚੁੱਕਣ
ਪਕੜਨ

j) ਹੱਥ
ਕੋਲ

***N.B.*** $\frac{1}{2}$ ***mark will be awarded for communication.***

$\frac{1}{2}$ ***mark will be awarded for accuracy: spelling, accents and grammatical correctness.***

## PART B: CREATIVE WRITTEN WORKS
## SECTION 3: FICTION (PROSE)

**Value: 10 marks** **Suggested Time: 25 minutes**

| | |
|---|---|
| **INSTRUCTIONS:** | Answer questions 2 to 4 in **Punjabi**. Your answers must be based on the passage on page 4. Complete sentences are not required. |

# ਜਿੰਦਾਂ ਦੀਆਂ ਅੰਤਿਮ ਘੜੀਆਂ

by Suba Surinder Kaur Kharal

31 ਜੁਲਾਈ 1863 ਦੀ ਸ਼ਾਮ ਨੂੰ ਮਹਾਰਾਣੀ (queen) ਜਿੰਦਾਂ ਆਪਣੇ ਨਿਵਾਸ ਅਸਥਾਨ ਐਬਿੰਗਟਨ ਹਾਊਸ ਦੇ ਇਕ ਕਮਰੇ ਵਿੱਚ ਪਲੰਘ ਉੱਤੇ ਲੇਟੀ ਹੋਈ ਆਪਣੇ ਜੀਵਨ ਦੀਆਂ ਅੰਤਮ ਘੜੀਆਂ ਗਿਣ ਰਹੀ ਸੀ। ਸਾਰੀ ਰਾਤ ਉਹ ਆਪਣੇ ਪੁੱਤਰ ਦਲੀਪ ਨੂੰ ਉਡੀਕਦੀ ਰਹੀ, ਜਿਸ ਨੂੰ ਲੈਣ ਸੂਰਤੀ, ਉਸ ਦਾ ਸੇਵਕ, ਗਿਆ ਹੋਇਆ ਸੀ। ਜਿਉਂ ਜਿਉਂ ਰਾਤ ਬੀਤਦੀ ਗਈ ਤਿਉਂ ਤਿਉਂ ਮਹਾਰਾਣੀ ਦੀ ਹਾਲਤ ਖਰਾਬ ਹੁੰਦੀ ਗਈ। ਜਦ ਰਾਤ ਮੁੱਕੀ, ਸੂਰਜ ਚੜ੍ਹਣ ਲੱਗਾ ਤਾਂ ਬੜੀ ਔਖਿਆਈ ਨਾਲ ਮਹਾਰਾਣੀ ਨੇ ਪੁੱਛਿਆ, "ਆਇਆ ਨਹੀਂ ? ਅੱਛਾ ਮੈਂ ਤਾਂ ਚਲੀ ਹਾਂ। ਉਸ ਨੂੰ ਆਖ ਦਿਓ … ਉਡੀਕਦੀ ਮਰ ਗਈ। ਮੇਰੇ ਦਲੀਪ ਨੂੰ ਆਖਣਾ ਮੇਰੇ ਸਰੀਰ ਦਾ ਸਸਕਾਰ (cremation) ਸ਼ੇਰੇ-ਪੰਜਾਬ, ਮਹਾਰਾਜਾ ਰਣਜੀਤ ਸਿੰਘ, ਦੀ ਸਮਾਧੀ (cremation site) ਦੇ ਨੇੜੇ ਕਰੇ। ਇਹੋ ਮੇਰੀ ਇੱਛਾ ਹੈ। ਮੈਂ ਪਿਆਰੇ ਪੰਜਾਬ ਦੀ ਲੱਕੜੀ ਨਾਲ ਸੜਨਾ ਚਾਹੁੰਦੀ ਹਾਂ। ਮੇਰੇ ਫੁੱਲ (remains) ਦਰਿਆ ਰਾਵੀ ਦੀ ਭੇਟ ਕੀਤੇ ਜਾਣ, ਜਿਸ ਦੇ ਕੰਢੇ ਮੈਂ ਜੰਮੀ ਪਲੀ। ਮੇਰੇ ਪੁੱਤਰ ਨੂੰ ਆਖਣਾ ਆਪਣਾ ਹੱਕ ਲੈਣ ਵਾਸਤੇ ਹਿੰਮਤ ਕਰੇ। ਉਹ ਉਸ ਸ਼ੇਰੇ-ਪੰਜਾਬ ਦਾ ਪੁੱਤਰ ਹੈ, ਜਿਸ ਦੇ ਹੱਥ ਸਦਾ ਤਲਵਾਰ ਰਹੀ। ਬਸ ਇਹੀ ਮੇਰਾ ਸੁਨੇਹਾ ਹੈ।" ਮਹਾਰਾਣੀ ਬੋਲਣ ਤੋਂ ਅਸਮਰਥ (unable) ਹੋ ਗਈ। ਉਸਨੂੰ ਸਾਹ ਔਖਾ ਆਉਣ ਲੱਗ ਪਿਆ। ਅੰਤਮ ਵਾਰ ਮਹਾਰਾਣੀ ਦਾ ਸਰੀਰ ਜ਼ੋਰ ਨਾਲ ਕੰਬਿਆ ਤੇ ਇਸ ਕਾਂਬੇ ਦੇ ਨਾਲ ਹੀ ਇੱਕ ਮੱਧਮ ਜਿਹੀ ਹੂਕ (sigh) ਅੰਦਰੋਂ ਉੱਠੀ, "ਮੇ … ਰਾ … ਦ … ਲੀ … ਪ "। ਇੰਜ ਮਹਾਰਾਣੀ ਆਪਣੇ ਪੁੱਤਰ ਦੇ ਪਹੁੰਚਣ ਤੋਂ ਪਹਿਲਾਂ ਹੀ ਇਸ ਸੰਸਾਰ ਨੂੰ ਛੱਡ ਗਈ।

ਜਿਸ ਮਹਾਰਾਣੀ ਜਿੰਦਾਂ ਕੋਲੋਂ ਸਾਰਾ ਬਰਤਾਨਵੀ ਸਾਮਰਾਜ (British Empire) ਡਰਦਾ ਸੀ ਉਸ ਦੀ ਲੋਥ (dead body) ਇੱਕ ਸੰਦੂਕ (coffin) ਵਿਚ ਬੰਦ ਕਰਕੇ, ਦੁਖੀ ਹੋਇਆ ਮਹਾਰਾਜਾ ਦਲੀਪ ਸਿੰਘ ਹਿੰਦੁਸਤਾਨ ਨੂੰ ਲੈ ਜਾ ਰਿਹਾ ਸੀ।

2. ਦਲੀਪ ਸਿੰਘ ਨੂੰ ਲੈਣ ਕੌਣ ਗਿਆ ਸੀ ? **(1 mark)**

**Response:**

- **ਦਲੀਪ ਸਿੰਘ ਨੂੰ ਲੈਣ ਮਹਾਰਾਣੀ ਦਾ ਸੇਵਕ ਸੂਰਤੀ ਗਿਆ ਸੀ।**

3. ਮਹਾਰਾਣੀ ਨੇ ਆਪਣੇ ਸਰੀਰ ਦੇ ਅੰਤਮ ਸਸਕਾਰ ਬਾਰੇ ਕਿਹੜੀਆਂ ਦੋ ਇੱਛਾਵਾਂ ਦੱਸੀਆਂ ? **(2 marks)**

**Response:**

- **ਉਸਦੇ ਤਨ ਦਾ ਸਸਕਾਰ ਸ਼ੇਰੇ-ਪੰਜਾਬ (ਮਹਾਰਾਜਾ ਰਣਜੀਤ ਸਿੰਘ) ਦੀ ਸਮਾਧੀ ਦੇ ਨੇੜੇ ਕੀਤਾ ਜਾਵੇ ।**
- **ਉਸ ਦੇ ਫੁੱਲ ਰਾਵੀ ਦੀ ਭੇਟ ਕੀਤੇ ਜਾਣ ।**

4. ਮਹਾਰਾਣੀ ਦੀ ਮੌਤ ਕਿਸ ਦਿਨ ਤੇ ਕਿਸ ਸਮੇਂ ਹੋਈ ? **(2 marks)**

**Response:**

- **ਮਹਾਰਾਣੀ ਦੀ ਮੌਤ 1 ਅਗਸਤ, 1863 ਨੂੰ ਸਵੇਰੇ ਸੂਰਜ ਚੜ੍ਹਨ ਵੇਲੇ ਹੋਈ।**

**SECTION 4: FICTION (DRAMA)**

**Value: 10 marks** **Suggested Time: 10 minutes**

**INSTRUCTIONS:** Answer questions 5 to 7 in **Punjabi**. Your answers must be based on the drama on page 8. Complete sentences are not required.

(ਪੁਨੀਤ ਤੇ ਸੋਨੂੰ ਇਕ ਚਾਹ ਦੀ ਦੁਕਾਨ ਤੇ ਬੈਠੇ ਚਾਹ ਪੀ ਰਹੇ ਹਨ )

ਪੁਨੀਤ : ਤੁਸੀਂ ਕਦੋਂ ਜਾ ਰਹੇ ਹੋ ?

ਸੋਨੂ : ਬਸ ਇਕ ਦੋ ਹਫਤੇ ਤੱਕ ।

ਪੁਨੀਤ : ਅੱਛਾ ? ( ਦਰਵਾਜ਼ੇ ਵੱਲ ਦੇਖਦਾ ਹੋਇਆ )
ਓਹ ਆ ਬਈ ਜਵਾਨ, ਕੀ ਹਾਲ ਚਾਲ ਹੈ ਤੇਰਾ ?

ਸੁਰਿੰਦਰ : ਬਹੁਤ ਵਧੀਆ । ਤੁਸੀਂ ਸੁਣਾਓ ਕੀ ਕਰ ਰਹੇ ਹੋ ?
( ਸੋਨੂੰ ਵੱਲ ਦੇਖ ਕੇ ਮੁਸਕਰਾਉਂਦੇ ਹੋਏ ) ਕੀ ਹਾਲ ਹੈ ਸੋਨੂੰ ? ਕਿਧਰ ਹੁੰਦਾ ਹੈਂ ਅੱਜ ਕਲ ?

ਸੋਨੂੰ : ਯਾਰ ਤੇਰੀਆਂ ਹੀ ਗੱਲਾਂ ਕਰ ਰਹੇ ਸਾਂ । ਆ ਜਾ ਬਹਿ ਜਾ । ( ਕੁਰਸੀ ਅੱਗੇ ਵਧਾਉਂਦਾ ਹੈ )

ਪੁਨੀਤ : ਇਹ ਇੰਡੀਆ ਚੱਲਿਆ ਹੈ ਇੱਕ ਦੋ ਹਫਤੇ ਤੱਕ । ਅਸੀਂ ਗੱਲਾਂ ਕਰ ਰਹੇ ਸੀ ਕਿ ਤੂੰ ਹੁਣੇ ਹੁਣੇ ਉਥੋਂ ਘੁੰਮ ਫਿਰ ਕੇ ਆਇਆ ਹੈਂ । ਤੈਨੂੰ ਪੁੱਛੀਏ ਬਈ ਉਥੇ ਮੌਸਮ ਕਿਵੇਂ ਹੈ ਅੱਜ ਕੱਲ ।

ਸੁਰਿੰਦਰ : ਮੌਸਮ ਤਾਂ ਅੱਜ ਕੱਲ ਬਹੁਤ ਵਧੀਆ ਹੈ ਉਥੇ । ਬੱਸ ਹਲਕੀ ਹਲਕੀ ਠੰਢ ਹੈ । ਧੁੱਪ ਨਿਕਲਦੀ ਹੈ ਬਹੁਤ ਸੁਹਣੀ । ਆਪਣੇ ਇਥੇ ਤਾਂ ਬਰਫ ਨੇ ਹੀ ਬੱਸ ਕਰਾਈ ਪਈ ਹੈ ।

ਸੋਨੂੰ : ਕਿੰਨੀ ਦੇਰ ਲਗਾ ਕੇ ਆਏ ਹੋ ਤੁਸੀਂ ਉਥੇ ?

ਸੁਰਿੰਦਰ : ਅਸੀਂ ? ਇਹੀ ਕੋਈ ਮਹੀਨਾ ਕੁ ।

ਸੋਨੂੰ : ਕਿਵੇਂ ਲੱਗਿਆ ਤੈਨੂੰ ਇੰਡੀਆ ?

ਸੁਰਿੰਦਰ : ਮੈਂ ਤਾਂ ਯਾਰ ਪਹਿਲੀ ਵਾਰ ਗਿਆ ਸੀ ਉਥੇ । ਬਹੁਤ ਦਿਲ ਲੱਗਾ ਮੇਰਾ ਤਾਂ । ਸਾਰਾ ਕੁਝ ਖੁੱਲ੍ਹਾ ਖੁੱਲ੍ਹਾ ਸੀ ।

ਪੁਨੀਤ : ਅੱਛਾ ! ਹੋਰ ਉਥੇ ਕੀ ਦੇਖਿਆ ਤੂੰ ?

ਸੁਰਿੰਦਰ : ਤਾਜ ਮਹੱਲ, ਲਾਲ ਕਿਲ੍ਹਾ, ਗੁਰਦੁਆਰੇ ਅਤੇ ਹੋਰ ਬਹੁਤ ਕੁਝ । ਮੈਨੂੰ ਇਹ ਸਾਰੀਆਂ ਥਾਵਾਂ ਤਾਂ ਸੁਹਣੀਆਂ ਲੱਗੀਆਂ ਹੀ ਪਰ ਮੈਨੂੰ ਉਥੇ ਪਿੰਡ ਵਿੱਚ ਰਹਿਣਾ ਹੀ ਬਹੁਤ ਸੁਹਣਾ ਲੱਗਿਆ । ਟਿਊਬਵੈਲ ਤੇ ਨਹਾਉਣਾ, ਪਤੰਗ ਉਡਾਉਣੇ, ਖੇਤਾਂ ਵਿੱਚ ਤਾਇਆ ਜੀ ਨਾਲ ਮਦਦ ਕਰਵਾਉਣੀ ।

ਪੁਨੀਤ : ( ਸੋਨੂੰ ਵੱਲ ਦੇਖ ਕੇ ) ਚੱਲ ਬਈ ਸੋਨੂੰ ਹੁਣ ਤਾਂ ਤੂੰ ਜਾ ਕੇ ਹੀ ਆ ਇੰਡੀਆ ।

ਸੁਰਿੰਦਰ : ਸੋਨੂੰ, ਯਾਰ ਤੂੰ ਇੱਕ ਵਾਰ ਉਥੇ ਚਲਾ ਗਿਆ ਤਾਂ ਤੇਰਾ ਉਥੋਂ ਆਉਣ ਨੂੰ ਜੀਅ ਨਹੀਂ ਕਰਨਾ । ਮੇਰਾ ਤਾਂ ਆਪ ਫੇਰ ਜਾਣ ਨੂੰ ਦਿਲ ਕਰਦਾ ਪਿਐ ।

ਸੋਨੂੰ : ਚੱਲ ਆ ਜਾ ਸਾਡੇ ਨਾਲ ਹੀ ।
( ਤਿੰਨੋਂ ਹੱਸਣ ਲਗਦੇ ਹਨ )

5. ਡਰਾਮੇ ਅਨੁਸਾਰ ਇੰਡੀਆ ਦੇ ਅੱਜ ਕਲ ਦੇ ਮੌਸਮ ਬਾਰੇ ਕੁਝ ਗੱਲਾਂ ਦੱਸੋ । **(2 marks)**

**Response:**

- **ਡਰਾਮੇ ਅਨੁਸਾਰ ਅੱਜ ਕਲ ਇੰਡੀਆ ਦਾ ਮੌਸਮ ਬਹੁਤ ਵਧੀਆ ਹੈ । ਬੱਸ ਹਲਕੀ ਹਲਕੀ ਠੰਢ ਪੈ ਰਹੀ ਹੈ ਪਰ ਧੁੱਪ ਵੀ ਬਹੁਤ ਸੁਹਣੀ ਨਿਕਲਦੀ ਹੈ ।**

6. ਸੁਰਿੰਦਰ ਇੰਡੀਆ ਵਿੱਚ ਕਿੰਨਾ ਚਿਰ ਰਹਿ ਕੇ ਆਇਆ ਹੈ ? **(1 mark)**

**Response:**

- **ਸੁਰਿੰਦਰ ਇੰਡੀਆ ਵਿੱਚ ਕੋਈ ਮਹੀਨਾ ਕੁ ਰਹਿ ਕੇ ਆਇਆ ।**

7. ਸੁਰਿੰਦਰ ਨੇ ਇੰਡੀਆ ਕੀ ਕੀ ਦੇਖਿਆ ? ਕੋਈ ਦੋ ਥਾਂਵਾਂ ਦੇ ਨਾਮ ਲਿਖੋ । **(2 marks)**

**Response:**

- **ਪਿੰਡ**
- **ਤਾਜ ਮਹੱਲ**
- **ਲਾਲ ਕਿਲਾ**
- **ਗੁਰਦੁਆਰੇ/ ਗੁਰਦੁਵਾਰੇ**

## PART C: INFORMATIONAL COMMUNICATION

## SECTION 5: NON-FICTION (JOURNALISTIC PROSE)

**Value: 10 marks** | **Suggested Time: 20 minutes**

**INSTRUCTIONS:** Answer questions 8 to 10 in **Punjabi**. Your answers must be based on the article on page 12. Complete sentences are not required.



# ਤਕਦੀਰ- ਏ - ਕੌਮ

ਕੌਮ ਦੀ ਤਕਦੀਰ ਦਾ ਚਿੰਤਕ ਰੇਡੀਓ ਪ੍ਰੋਗਰਾਮ ‘ਤਕਦੀਰ-ਏ-ਕੌਮ’ ਰੇਡੀਓ ਆਪਣਾ ਸੰਗੀਤ ਉਤੇ ਸੋਲ੍ਹਾਂ ਮਈ ਸੋਮਵਾਰ ਤੋਂ ਪ੍ਰਸਾਰਿਤ (broadcast) ਹੋਣਾ ਸ਼ੁਰੂ ਹੋ ਰਿਹਾ ਹੈ। ਇਹ ਪ੍ਰੋਗਰਾਮ ਹਫਤੇ ਦੇ ਪੰਜ ਦਿੰਨ ਸੋਮਵਾਰ ਤੋਂ ਸ਼ੁਕਰਵਾਰ ਸ਼ਾਮ ਦੇ ਅੱਠ ਵਜੇ ਤੋਂ ਨੌਂ ਵਜੇ ਤੱਕ ਇੱਕ ਘੰਟੇ ਲਈ ਪ੍ਰਸਾਰਿਤ ਕੀਤਾ ਜਾਵੇਗਾ। ਸਰੋਤਿਆਂ (listeners) ਦੀ ਜ਼ੋਰਦਾਰ ਮੰਗ ਨੂੰ ਮੁੱਖ ਰੱਖਦਿਆਂ ਇਹ ਪ੍ਰਵਾਰਿਕ (family) ਪ੍ਰੋਗਰਾਮ ਸਮੁੱਚੀ (entire) ਕਮਿਊਨਿਟੀ ਦੀ ਸੇਵਾ ਵਿੱਚ ਹਾਜ਼ਰ ਹੈ। ਇਸ ਵਿੱਚ ਵਿਚਾਰ ਵਟਾਂਦਰਾ, ਤਾਜ਼ੀਆਂ ਖ਼ਬਰਾਂ, ਕੌਮ ਅਤੇ ਕਮਿਊਨਿਟੀ ਦੇ ਮੌਜੂਦਾ ਮਸਲਿਆਂ (issues) ਤੇ ਗਲਬਾਤ ਅਤੇ ਸਾਹਿਤਕ (literary) ਪ੍ਰੋਗਰਾਮ ਪੇਸ਼ ਕੀਤੇ ਜਾਇਆ ਕਰਨਗੇ। ਪ੍ਰਬੰਧਕਾਂ (organizers) ਵਲੋਂ ਬੇਨਤੀ ਹੈ ਕਿ ਇਹ ਪ੍ਰੋਗਰਾਮ ਜ਼ਰੂਰ ਸੁਣੋ ਅਤੇ ਇਸ ਬਾਰੇ ਆਪਣੇ ਕੀਮਤੀ ਸੁਝਾਉ ਫੋਨ ਕਰਨ ਦੀ ਬਜਾਏ ਫੈਕਸ ਨੰਬਰ 555-0335 ਤੇ ਜ਼ਰੂਰ ਭੇਜੋ। ਤੁਹਾਡੇ ਸਹਿਯੋਗ ਨਾਲ ਹੀ ਇਹ ਪ੍ਰੋਗਰਾਮ ਸਫਲ ਹੋ ਸਕੇਗਾ।

8. ਤਕਦੀਰ-ਏ-ਕੌਮ ਵਿੱਚ ਕਿਸ ਕਿਸ ਤਰ੍ਹਾਂ ਦੇ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾਇਆ ਕਰਨਗੇ? **(2 marks)**

**Response:**

- **ਤਾਜ਼ੀਆਂ ਖ਼ਬਰਾਂ**
- **ਵਿਚਾਰ ਵਟਾਂਦਰਾ**
- **ਪ੍ਰਵਾਰਿਕ ਪ੍ਰੋਗਰਾਮ**
- **ਸਾਹਿਤਕ ਪ੍ਰੋਗਰਾਮ**
- **ਕੌਮ ਅਤੇ ਕਮਿਊਨਿਟੀ ਦੇ ਮੌਜੂਦਾ ਮਸਲਿਆਂ ਤੇ ਗਲ ਬਾਤ**

9. ਪ੍ਰਬੰਧਕਾਂ ਨੇ ਸੁਣਨ ਵਾਲਿਆਂ ਨੂੰ ਕੀ ਕੀ ਅਪੀਲ ਕੀਤੀ ਹੈ? **(2 marks)**

**Response:**

- **ਪ੍ਰਬੰਧਕਾਂ ਨੇ ਸੁਣਨ ਵਾਲਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਪ੍ਰੋਗਰਾਮ ਜ਼ਰੂਰ ਸੁਣਨ ਅਤੇ ਇਸ ਬਾਰੇ ਆਪਣੇ ਕੀਮਤੀ ਸੁਝਾਉ ਫੋਨ ਕਰਨ ਦੀ ਬਜਾਏ ਫੈਕਸ ਨੰਬਰ 555-0335 ਤੇ ਜ਼ਰੂਰ ਭੇਜਣ।**

10. ਇਸ ਪ੍ਰੋਗਰਾਮ ਦੀ ਸਫਲਤਾ ਕਿਸ ਤੇ ਨਿਰਭਰ (depend) ਕਰਦੀ ਹੈ? **(1 mark)**

**Response:**

- **ਇਸ ਪ੍ਰੋਗਰਾਮ ਦੀ ਸਫਲਤਾ ਸਰੋਤਿਆਂ ਦੇ ਸਹਿਯੋਗ ਉੱਤੇ ਨਿਰਭਰ ਕਰਦੀ ਹੈ।**

## SECTION 6: NON-FICTION (AUTHENTIC DOCUMENT)

**Value: 10 marks** **Suggested Time: 20 minutes**

**INSTRUCTIONS:** Answer questions 11 to 14 in **Punjabi**. Your answers must be based on the information on page 16. Complete sentences are not required.

# ਲੋੜ ਹ

ਮਹਿਲਾ (female) ਵਾਰਡਨ ਦੀ ਲੋੜ ਹੈ। ਪੱਕੀ ਨੌਕਰੀ, ਰਿਹਾਇਸ਼ ਅਤੇ ਖਾਣਾ ਮੁਫਤ, ਇੰਟਰਵਿਊ 16.12.99 ਨੂੰ ਦੁਪਹਿਰ 12.00 ਵਜੇ। ਸਿੱਖ ਯੂਥ ਇੰਟਰਨੈਸ਼ਨਲ ਸਕੂਲ, 2795 ਮੇਨ ਸਟਰੀਟ, ਵੈਨਕੂਵਰ। ਮਿਲੋ: ਪ੍ਰਿੰਸੀਪਲ।

---

ਸ੍ਰੀ ਗੁਰੂ ਹਰਿਕ੍ਰਿਸ਼ਨ ਹਾਈ ਸਕੂਲ, ਐਬਟਸਫੋਰਡ ਲਈ ਅੰਗਰੇਜ਼ੀ ਬੋਲਣ ਵਿਚ ਨਿਪੁੰਨ (proficient), ਟਰੇਂਡ, ਅੰਗਰੇਜ਼ੀ, ਹਿਸਾਬ, ਕੰਮਪਿਊਟਰ, ਸਮਾਜਿਕ ਸਿੱਖਿਆ ਤੇ ਸੰਗੀਤ ਦੇ ਅਧਿਆਪਕ/ ਅਧਿਆਪਕਾ ਦੀ ਲੋੜ ਹੈ। ਤੁਰੰਤ ਮਿਲੋ: ਪ੍ਰਿੰਸੀਪਲ।

---

ਖਾਲਸਾ ਸੈਕੰਡਰੀ ਸਕੂਲ ਵਿਖੇ ਹੇਠ ਲਿਖੀਆਂ ਅਸਾਮੀਆਂ (candidates) ਦੀ ਲੋੜ ਹੈ:

1. ਹਿੰਦੀ ਅਧਿਆਪਕ : ਇੱਕ।
   ਯੋਗਤਾ (qualification) : ਓ.ਟੀ. ਪ੍ਰਭਾਕਰ (Honours in Hindi) ਬੀ.ਏ., ਬੀ.ਐੱਡ.
2. ਸਮਾਜਿਕ ਸਿਖਿਆ ਅਧਿਆਪਿਕਾ: ਇਕ ( ਛੁੱਟੀ ਤੇ ਖਾਲੀ ) ਯੋਗਤਾ: ਬੀ.ਏ., ਬੀ. ਐੱਡ

   ਗੌਰਮਿੰਟ ਗਰੇਡ ; ਅਰਜ਼ੀਆਂ 15 ਦਿਨਾਂ ਵਿਚ ਪ੍ਰਧਾਨ, ਖਾਲਸਾ ਐਜੂਕੇਸ਼ਨਲ ਕੌਂਸਲ, ਮਾਡਲ ਟਾਊਨ, ਲੁਧਿਆਣਾ ਨੂੰ ਭੇਜੋ।

---

ਗੁ: ਸ੍ਰੀ ਗੁਰੂ ਨਾਨਕ ਸਿੰਘ ਸਭਾ, ਮਾਡਲ ਗ੍ਰਾਮ, ਲੁਧਿਆਣਾ ਵਿਖੇ ਨਵੇਂ ਖੁੱਲ੍ਹ ਰਹੇ ਸਕੂਲ ਲਈ ਗੁਰਸਿੱਖ, ਤਜਰਬੇਕਾਰ ਮੁੱਖ ਅਧਿਆਪਕ ਦੀ ਲੋੜ ਹੈ। ਚੰਗੀ ਤਨਖਾਹ, ਰਿਹਾਇਸ਼ ਮੁਫ਼ਤ। ਰੀਟਾਇਰਡ ਲੋਕ ਵੀ ਸੰਪਰਕ ਕਰ ਸਕਦੇ ਹਨ। ਮਿਲੋ: 32- ਸੀ, ਮਾਡਲ ਗ੍ਰਾਮ, ਲੁਧਿਆਣਾ। ਫ਼ੋਨ: 55222

---

ਵਿਸ਼ਵ ਹਿੰਦੂ ਮਹਾਵਿਦਿਆਲਾ (university), 42-D ਚੰਡੀਗੜ੍ਹ ਨੂੰ ਇੱਕ ਡੀ.ਪੀ.ਐੱਡ. ਅਧਿਆਪਕਾ ਦੀ ਜ਼ਰੂਰਤ ਹੈ। ਯੋਗਤਾ ਦੇ ਅਧਾਰ ਤੇ ਸ਼ਾਨਦਾਰ ਤਨਖਾਹ। ਅਰਜ਼ੀ ਭੇਜੋ। ਇੰਟਰਵਿਊ 17.07.99 ਨੂੰ ਸਕੂਲ ਵਿਖੇ ਸਵੇਰੇ ਦਸ ਵਜੇ।

---

ਸਤਿਨਾਮ ਹਾਈ ਸਕੂਲ, ਨਵੀਂ ਦਿੱਲੀ ਵਿਖੇ, ਕੰਮਪਿਊਟਰ ਅਧਿਆਪਕਾ ਦੀ ਫੌਰਨ ਜ਼ਰੂਰਤ ਹੈ। ਵਧੀਆ ਤਨਖਾਹ ਤੋਂ ਇਲਾਵਾ ਆਉਣ ਜਾਣ ਦਾ ਕਿਰਾਇਆ ਵੱਖਰਾ। ਇੰਟਰਵਿਊ 25.07.99, 11 ਵਜੇ।

11. ਮਹਿਲਾ ਵਾਰਡਨ ਦੀ ਨੌਂਕਰੀ ਵਿੱਚ ਤਨਖਾਹ ਤੋਂ ਇਲਾਵਾ ਹੋਰ ਕੀ ਸਹੂਲਤਾਂ ਹਨ ? **(1 mark)**

**Response:**

- **ਮਹਿਲਾ ਵਾਰਡਨ ਦੀ ਨੌਂਕਰੀ ਨਾਲ ਰਿਹਾਇਸ਼ ਅਤੇ ਖਾਣਾ ਮੁਫਤ ਹੈ ।**

12. ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿੱਚ ਸਾਰੇ ਅਧਿਆਪਕਾਂ ਲਈ ਕਿਸ ਵਿਸ਼ੇਸ਼ ਯੋਗਤਾ ਦੀ ਲੋੜ ਹੈ ? **(1 mark)**

**Response:**

- **ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਹੁਸ਼ਿਆਰਪੁਰ ਵਿੱਚ ਸਾਰੇ ਅਧਿਆਪਕਾਂ ਨੂੰ ਅੰਗਰੇਜ਼ੀ ਬੋਲਣੀ ਆਉਣੀ ਚਾਹੀਦੀ ਹੈ ।**

13. ਖਾਲਸਾ ਸੈਕੰਡਰੀ ਸਕੂਲ ਵਿਖੇ ਸਮਾਜਿਕ ਸਿਖਿਆ ਅਧਿਆਪਕ ਅਤੇ ਹਿੰਦੀ ਅਧਿਆਪਕ ਦੀ ਨੌਂਕਰੀ ਲੈਣ ਲਈ ਕਿਹੜੀ ਕਿਹੜੀ ਯੋਗਤਾ ਹੋਣੀ ਚਾਹੀਦੀ ਹੈ ? **(2 marks)**

**Response:**

- **ਇਥੇ ਸੋਸ਼ਲ ਸੱਟਡੀਜ਼ ਦੇ ਮਾਸਟਰ ਦੀ ਨੌਂਕਰੀ ਲੈਣ ਲਈ ਬੀ. ਏ., ਬੀ. ਐੱਡ ਕੀਤੀ ਹੋਣੀ ਚਾਹੀਦੀ ਹੈ । ਹਿੰਦੀ ਮਾਸਟਰ ਦੀ ਨੌਂਕਰੀ ਲੈਣ ਲਈ ਬੀ. ਏ., ਬੀ. ਐੱਡ ਅਤੇ ਓ.ਟੀ. ਪ੍ਰਭਾਕਰ (ਔਨਰਜ਼ ਹਿੰਦੀ) ਕੀਤੀ ਹੋਣੀ ਚਾਹੀਦੀ ਹੈ ।**

14. ਜੇ ਤੁਸੀਂ ਸੰਗੀਤ ਦੇ ਮਾਹਰ ਹੋ ਤਾਂ ਤੁਹਾਨੂੰ ਕਿਥੇ ਅਪਲਾਈ ਕਰਨਾ ਚਾਹੀਦਾ ਹੈ ? **(1 mark)**

**Response:**

- **ਜੇ ਤੁਸੀਂ ਸੰਗੀਤ ਦੇ ਮਾਹਰ ਹੋ ਤਾਂ ਤੁਹਾਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਹਾਈ ਸਕੂਲ ਐਪਲਾਈ ਕਰਨਾ ਚਾਹੀਦਾ ਹੈ ।**

## PART D: INTERPERSONAL COMMUNICATION

## SECTION 7: STORY COMPLETION

**Value: 10 marks** **Suggested Time: 10 minutes**

| | |
|---|---|
| **INSTRUCTIONS:** | Using approximately 60 words, complete the following story in **Punjabi**. Avoid repetition and lists. Marks will be awarded for content and for grammatical correctness. |

15. ਇਸ ਕਹਾਣੀ ਨੂੰ ਪੂਰਾ ਕਰੋ :
ਉਹ ਅੰਦਰ ਬੈਠਾ/ਬੈਠੀ ਟੀ.ਵੀ.ਤੇ ਹਾਕੀ ਦਾ ਮੈਚ ਦੇਖ ਰਿਹਾ/ਰਹੀ ਸੀ। ਅਚਾਨਕ ਹੀ ਉਸ ਨੂੰ ਬਾਹਰੋਂ ਕੋਈ ਅਵਾਜ਼ ਸੁਣਾਈ ਦਿਤੀ। ਉਹ ਡਰ ਗਿਆ/ਗਈ . . . **(10 marks)**

**OPEN ENDED—Marked Holistically**

**For Example:**

ਉਸਨੇ ਜਲਦੀ ਨਾਲ ਟੀ. ਵੀ. ਦੀ ਆਵਾਜ਼ ਬੰਦ ਕੀਤੀ ਅਤੇ ਧਿਆਨ ਬਾਹਰ ਲਗਾ ਲਿਆ। ਆਵਾਜ਼ ਫਿਰ ਆਈ। ਹੁਣ ਉਸਨੇ ਉੱਠ ਕੇ ਪਰਦੇ ਵਿਚੋਂ ਦੀ ਦੇਖਿਆ। ਬਾਹਰ ਕੁਝ ਵੀ ਨਹੀਂ ਸੀ। ਉਸਨੇ ਆਪਣੀ ਮੰਮੀ ਨੂੰ ਜਗਾਇਆ। ਸਾਰੇ ਪਾਸੇ ਦੇਖਣ ਤੋਂ ਬਾਦ ਉਨ੍ਹਾਂ ਨੇ ਅਗਲੇ ਦਰਵਾਜ਼ੇ ਦੀ ਮ੍ਹੋਰੀ ਵਿਚੋਂ ਦੇਖਿਆ ਕਿ ਗੁਆਂਡੀਆਂ ਦੀ ਬਿੱਲੀ ਉਨ੍ਹਾਂ ਦੇ ਬੂਹੇ ਅੱਗੇ ਤੜਫ ਰਹੀ ਸੀ। ਉਸਦੀ ਮੰਮੀ ਨੇ ਫੋਨ ਕਰਕੇ ਗੁਆਂਡੀਆਂ ਨੂੰ ਦੱਸਿਆ ਅਤੇ ਉਹ ਆ ਕੇ ਆਪਣੀ ਬਿੱਲੀ ਲੈ ਗਏ। ਉਹ ਫਿਰ ਮੈਚ ਦੇਖਣ ਲੱਗ ਪਈ।

## SECTION 8: LETTER

**Value: 10 marks** **Suggested Time: 10 minutes**

| | |
|---|---|
| **INSTRUCTIONS:** | Write a short letter in **Punjabi** using approximately 60 words, on the topic given below. Avoid repetition and lists. Marks will be awarded for content and for grammatical correctness. |

16. Write a letter to invite a friend to participate in the Terry Fox run that your school has organized to raise funds to find a cure for cancer. **(10 marks)**

**Note:** Letter should include appropriate salutation and closing phrases.
Students must avoid identifying themselves, their schools, or school districts.

**OPEN ENDED—Marked Holistically**

**For Example:**

ਪਿਆਰੇ ਸੁਰਜੀਤ,

ਸਤਿ ਸ੍ਰੀ ਅਕਾਲ !

ਕੀ ਹਾਲ ਚਾਲ ਹੈ ? ਉਮੀਦ ਹੈ ਤੁਸੀਂ ਸਾਰੇ ਠੀਕ ਠਾਕ ਹੋਵੋਗੇ । ਅੱਗੇ ਸਮਾਚਾਰ ਇਹ ਹੈ ਕਿ ਪਿਛਲੇ ਸਾਲ ਦੀ ਤਰ੍ਹਾਂ ਸਾਡੇ ਸਕੂਲ ਨੇ ਇਸ ਸਾਲ ਵੀ ਟੇਰੀ ਫੋਕਸ ਦੌੜ ਕਰਵਾਉਣੀ ਹੈ ਤੇ ਮੈਂ ਚਾਹੁੰਦਾ ਸੀ ਕਿ ਤੂੰ ਵੀ ਆ ਕੇ ਇਸ ਵਿੱਚ ਹਿੱਸਾ ਲਵੇਂ । ਇਸੇ ਬਹਾਨੇ ਆਪਾਂ ਮਿਲ ਵੀ ਲਵਾਂਗੇ । ਅਸੀਂ ਸਾਰਿਆਂ ਨੇ ਬੜੀ ਮਿਹਨਤ ਨਾਲ ਇਸ ਦੌੜ ਦਾ ਇੰਤਜ਼ਾਮ ਕੀਤਾ ਹੈ । ਕਈ ਮਾਪੇ ਵੀ ਵਲੰਟੀਅਰ ਕਰ ਰਹੇ ਹਨ । ਹੁਣ ਤੱਕ ਅਸੀਂ ਕੋਈ 5000 ਦੇ ਕਰੀਬ ਡਾਲਰ ਇਕੱਠੇ ਕਰ ਚੁੱਕੇ ਹਾਂ । ਕੰਮੀਊਨਿਟੀ ਦੇ ਸਨਅੱਤਕਾਰ ਵੀ ਪੂਰਾ ਸਹਿਯੋਗ ਦੇ ਰਹੇ ਹਨ ।

ਮੈਨੂੰ ਪੂਰੀ ਉਮੀਦ ਹੈ ਕਿ ਤੂੰ ਵੀਂ ਇਸ ਭਲਾਈ ਦੇ ਕੰਮ ਵਿੱਚ ਹਿੱਸਾ ਲੈਣਾ ਜ਼ਰੂਰ ਪਸੰਦ ਕਰੇਂਗਾ । ਮੈਨੂੰ ਜਲਦੀ ਤੋਂ ਜਲਦੀ ਆਪਣੇ ਵਿਚਾਰ ਫੋਨ ਕਰਕੇ ਦੱਸਣਾ ।

ਸਤਿ ਸ੍ਰੀ ਅਕਾਲ !

ਤੇਰਾ ਦੋਸਤ,

ਜਤਿਨ

## SECTION 9: MAP DIRECTIONS

**Value: 10 marks** **Suggested Time: 10 minutes**

**INSTRUCTIONS:** In complete **Punjabi** sentences, using approximately 60 words, respond to the topic given below. Avoid repetition and lists. Marks will be awarded for content and for grammatical correctness.

17. Your friend Jasmyn has just arrived from India. Describe the route you would take from your house to show her the important landmarks, including the public market and G.M. Place.

**(10 marks)**




**OPEN ENDED—Marked Holistically**

**For Example:**

ਮੈਂ ਜੈਸਮਿਨ ਨੂੰ ਪਹਿਲਾਂ ਗੁਰਦਵਾਰੇ ਲੈ ਕੇ ਜਾਵਾਂਗਾ ਜਿਹੜਾ ਕਿ ਸਾਡੇ ਘਰ ਤੋਂ ਦੱਖਣ ਵੱਲ ਜਾ ਕੇ ਗਿਲ ਰੋਡ ਤੇ ਹੀ ਹੈ। ਉਥੋਂ ਬਾਹਰ ਗਿਲ ਰੋਡ ਤੇ ਖੱਬੇ ਹੱਥ ਮੁੜਾਂਗੇ। ਫਿਰ ਜੀ. ਟੀ. ਰੋਡ ਤੇ ਪੂਰਬ ਵੱਲ ਜਾ ਕੇ ਸੱਜੇ ਹੱਥ ਅਜਾਇਬ ਘਰ ਜਾਂਵਾਂਗੇ।

ਉਥੋਂ ਫਿਰ ਅਸੀਂ ਜੀ. ਟੀ. ਰੋਡ ਤੇ ਪੂਰਬ ਵੱਲ ਜਾ ਕੇ ਹਾਲ ਬਜ਼ਾਰ ਰੋਡ ਤੇ ਉੱਤਰ ਵੱਲ ਮੁੜਾਂਗੇ। ਇਥੇ ਕੁਝ ਕੁ ਅੱਗੇ ਜਾ ਕੇ ਹੀ ਸੱਜੇ ਹੱਥ ਪਬਲਿਕ ਮਾਰਕਿਟ ਹੈ। ਉਥੋਂ ਕੁਝ ਚੀਜ਼ਾਂ ਖਰੀਦ ਕੇ ਅਸੀਂ ਫਿਰ ਹਾਲ ਬਜ਼ਾਰ ਰੋਡ ਤੇ ਦੱਖਣ ਵੱਲ ਜਾਂਵਾਂਗੇ। ਰਾਮ ਬਾਗ ਰੋਡ ਪਾਰ ਕਰਕੇ ਸੁਪਰ ਮਾਰਕਿਟ ਦੇ ਕੋਲੋਂ ਜੈਮਲ ਰੋਡ ਤੇ ਪੱਛਮ ਵੱਲ ਮੁੜਾਂਗੇ ਜਿਥੇ ਅੱਗੇ ਜਾ ਕੇ ਉੱਤਰ ਵੱਲ ਜੀ. ਐੱਮ ਪਲੇਸ ਹੈ। ਉਥੋਂ ਅਸੀਂ ਵਾਪਸ ਘਰ ਪਰਤ ਆਂਵਾਂਗੇ।

## PUNJABI 12 HOLISTIC SCORING GUIDE
## Story Completion / Letter / Map Directions

### Scalepoint 5

The writer makes a statement on topic and develops it with clarity, ease, and depth. There is often evidence of a sophisticated level of thinking, originality, and flair. The development is cohesive and complete. The sentence structure is controlled and varied. The vocabulary is generally rich. The writer shows a mastery of Punjabi diction. Minor errors in spelling and grammar do not detract from the effectiveness of the writing.

### Scalepoint 4

The writer develops the topic and expresses ideas clearly and logically. He or she usually goes beyond simple description. Sentence structure is correct, but generally conventional. The writer uses appropriate Punjabi expressions, but rarely goes beyond high frequency vocabulary. Use of tenses is generally correct, but frequently limited in scope. Minor errors in spelling and grammar do not impede comprehension.

### Scalepoint 3

The writer communicates in a generally straightforward manner. Ideas are related, but they may not always be sequentially organized. The general impression of the writing is somewhat uninspired and often variable in quality. Idiomatic Punjabi and vocabulary are presented at a predominantly basic level. Despite a number of errors in spelling and grammar, the message is easily understood.

### Scalepoint 2

Development may be deficient or simplistic and does not go beyond stating the obvious. Ideas are not necessarily sequential, resulting in choppy reading which often requires the reader to fill in details. The writer uses basic vocabulary and occasionally resorts to direct translation from English. In general, verb tenses are incorrectly and randomly used. Although the writing may contain many grammatical errors, the message is still understood.

### Scalepoint 1

Ideas may or may not be related and do not follow a logical progression. Development is frequently insufficient, and the writing lacks clarity. Vocabulary used is inappropriate or misspelled, leading to confusion. The writing is often characterized by reliance on direct translation from English and the use of English words. Verb tenses are incorrectly formed and used. The large number of grammatical errors impedes comprehension.

### Scalepoint 0

Some text has been produced, but the effort is characterized by one or more of the following problems:

a) too deficient in length to evaluate
b) errors make the paper unintelligible
c) no discernible grasp of Punjabi expressions

**END OF KEY**